BRAMPTON

**Media Release**

ਤੁਰੰਤ ਰਿਲੀਜ ਲਈ

## ਬ੍ਰੈਂਪਟਨ ਫਾਇਰ ਹੁਣ ਜੋਰਜ ਹਿਚਕੋਕ ਬਰਸਰੀ ਲਈ ਅਰਜ਼ੀਆਂ ਸਵੀਕਾਰ ਕਰ ਰਿਹਾ ਹੈ

ਬ੍ਰੈਂਪਟਨ, ਓਨਟੈਰੀਓ (1 ਮਾਰਚ, 2022) – ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ (Brampton Fire and Emergency Services), ਜੋਰਜ ਹਿਚਕੋਕ ਮੈਮੋਰੀਅਲ ਐਨਡੋਅਮੈਂਟ ਫੰਡ (George Hitchcock Memorial Endowment Fund) ਲਈ ਅਰਜ਼ੀਆਂ ਸਵੀਕਾਰ ਕਰ ਰਿਹਾ ਹੈ। ਇਹ ਸਾਲਾਨਾ ਬਰਸਰੀ (ਵਜ਼ੀਫਾ) ਪ੍ਰੋਗਰਾਮ, ਫਾਇਰ ਸਰਵਿਸਿਜ ਵਿੱਚ ਆਪਣਾ ਕੈਰੀਅਰ ਬਣਾਉਣ ਦੇ ਇੱਛੁਕ ਵਿਅਕਤੀਆਂ ਲਈ ਪੇਸ਼ ਕੀਤਾ ਜਾਂਦਾ ਹੈ।

ਅਪਲਾਈ ਕਰਨ ਵਾਸਤੇ ਯੋਗ ਹੋਣ ਲਈ, ਇੱਛੁਕ ਬਿਨੈਕਾਰਾਂ ਲਈ ਲਾਜ਼ਮੀ ਹੈ:

- ਵਿਅਕਤੀ ਬ੍ਰੈਂਪਟਨ ਦਾ ਨਿਵਾਸੀ ਅਤੇ ਕੈਨੇਡਿਅਨ ਨਾਗਰਿਕ ਹੋਵੇ ਜਾਂ ਕੈਨੇਡਾ ਵਿੱਚ ਕੰਮ ਕਰਨ ਦੇ ਯੋਗ ਹੋਵੇ
- ਫਾਇਰ-ਸਬੰਧੀ ਪ੍ਰੋਗਰਾਮ ਵਿੱਚ ਓਨਟੈਰੀਓ ਪੋਸਟ-ਸੈਕੰਡਰੀ ਸਕੂਲ ਡਿਪਲੋਮਾ ਕਰ ਰਿਹਾ ਹੋਵੇ
- 15 ਅਪ੍ਰੈਲ ਤੱਕ ਪੂਰਾ ਕੀਤਾ ਅਰਜ਼ੀ ਫਾਰਮ ਜਮ੍ਹਾ ਕਰੇ

ਅਰਜ਼ੀ ਫਾਰਮ bramptonfire.com ਤੇ ਉਪਲਬਧ ਹਨ ਅਤੇ ਇਹਨਾਂ ਨੂੰ, firelife@brampton.ca ਤੇ ਜਮ੍ਹਾ ਕੀਤਾ ਜਾ ਸਕਦਾ ਹੈ। ਅਰਜ਼ੀਆਂ, 15 ਅਪ੍ਰੈਲ ਤੱਕ ਜਾਂ ਵੱਧ ਤੋਂ ਵੱਧ 30 ਅਰਜ਼ੀਆਂ ਪ੍ਰਾਪਤ ਹੋਣ ਤੱਕ ਲਈਆਂ ਜਾਣਗੀਆਂ।

ਚੁਣੇ ਗਏ ਉਮੀਦਵਾਰਾਂ ਨੂੰ ਇੰਟਰਵਿਊ ਵਿੱਚ ਹਿੱਸਾ ਲੈਣ ਲਈ ਸੱਦਾ ਦਿੱਤਾ ਜਾਵੇਗਾ ਅਤੇ ਇੱਕ ਬਿਨੈਕਾਰ ਨੂੰ 1,000 ਡਾਲਰ ਤੱਕ ਦੇ ਮੁੱਲ ਦੀ ਬਰਸਰੀ ਲਈ ਚੁਣਿਆ ਜਾਵੇਗਾ, ਜਿਸਦਾ ਭੁਗਤਾਨ ਸਿੱਧਾ ਕੋਰਸ ਵਿੱਚ ਦਾਖਲੇ ਲਈ ਕੀਤਾ ਜਾਵੇਗਾ। ਸਫਲ ਬਿਨੈਕਾਰ ਲਈ, ਓਨਟੈਰੀਓ ਪੋਸਟ-ਸੈਕੰਡਰੀ ਸਕੂਲ ਪ੍ਰੋਗਰਾਮ ਦੀ ਸਵੀਕ੍ਰਿਤੀ ਦਾ ਸਬੂਤ ਪ੍ਰਦਾਨ ਕਰਨਾ ਲਾਜ਼ਮੀ ਹੈ।

ਜੋਰਜ ਹਿਚਕੋਕ ਮੈਮੋਰੀਅਲ ਐਨਡੋਅਮੈਂਟ ਫੰਡ ਦੀ ਸ਼ੁਰੂਆਤ, ਸੁਰਗਵਾਸੀ ਡਿਵੀਜਨ ਚੀਫ ਜੋਰਜ ਹਿਚਕੋਕ (George Hitchcock) ਦੇ ਸਨਮਾਨ ਵਿੱਚ, 2014 ਵਿੱਚ ਕੀਤੀ ਗਈ ਸੀ। ਉਹਨਾਂ ਨੇ 33 ਸਾਲਾਂ ਤੱਕ ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ ਟੀਮ ਵਿੱਚ ਸੇਵਾ ਦਿੱਤੀ ਸੀ। ਹਿਚਕੋਕ ਨੇ ਫਾਇਰ/ਲਾਈਫ ਸੇਫਟੀ ਐਜੁਕੇਸ਼ਨ ਡਿਵੀਜ਼ਨ (Fire/Life Safety Education Division) ਸਥਾਪਿਤ ਕਰਨ ਵਿੱਚ ਮੁੱਖ ਭੂਮਿਕਾ ਨਿਭਾਈ ਸੀ, ਜੋ ਹਰ ਸਾਲ ਬ੍ਰੈਂਪਟਨ ਦੇ ਹਜ਼ਾਰਾਂ ਨਿਵਾਸੀਆਂ ਨੂੰ ਫਾਇਰ ਸੇਫਟੀ ਐਜੁਕੇਸ਼ਨ ਮੁਹੱਈਆ ਕਰਨ ਵਿੱਚ ਸਹਾਇਤਾ ਕਰਦੀ ਹੈ।

ਹੋਰ ਜਾਣਕਾਰੀ ਅਤੇ ਅਪਲਾਈ ਕਰਨ ਲਈ, bramptonfire.com ਤੇ ਜਾਓ।

**ਭਰਤੀ**

ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ ਇਸ ਵੇਲੇ, ਨਵੇਂ ਫਾਇਰਫਾਈਟਰਸ ਦੀ ਭਰਤੀ ਕਰ ਰਿਹਾ ਹੈ। ਅਰਜ਼ੀਆਂ, 21 ਮਾਰਚ ਤੱਕ ਲਈਆਂ ਜਾਣਗੀਆਂ। ਫਾਇਰ ਸਰਵਿਸਿਜ ਦੇ ਨਾਲ ਕੈਰੀਅਰ ਬਾਰੇ ਹੋਰ ਜਾਣਨ ਦੇ ਇੱਛੁਕ ਬਿਨੈਕਾਰਾਂ ਨੂੰ, 9 ਮਾਰਚ ਨੂੰ ਸ਼ਾਮ 6 ਵਜੇ, ਵਰਚੁਅਲ ਕੈਰੀਅਰ ਇਨਫਰਮੇਸ਼ਨ ਸੈਸ਼ਨ (Virtual Career Information Session) ਵਿੱਚ ਹਿੱਸਾ ਲੈਣ ਲਈ ਸੱਦਾ ਦਿੱਤਾ ਜਾਂਦਾ ਹੈ। ਸ਼ਾਮਲ ਹੋਣ ਲਈ, bramptonfire.com ਤੇ ਰਜਿਸਟਰ ਕਰੋ।

ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ ਦੇ ਨਾਲ ਕੈਰੀਅਰ ਬਣਾਉਣ ਬਾਰੇ ਹੋਰ ਜਾਣਕਾਰੀ ਲਈ, bramptonfire.com ਤੇ ਜਾਓ।

**ਹਵਾਲੇ**

"ਸਾਡੀ ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ ਟੀਮ ਵਿੱਚ ਅਜਿਹੇ ਵਿਅਕਤੀ ਸ਼ਾਮਲ ਹਨ, ਜੋ ਕਮਿਊਨਿਟੀ ਅਤੇ ਫਾਇਰ ਸੇਫਟੀ ਲਈ ਵਚਨਬੱਧ ਹਨ। ਜੋਰਜ ਹਿਚਕੋਕ, ਟੀਮ ਦੇ ਪ੍ਰੇਰਨਾਦਾਇਕ ਮੈਂਬਰ ਸਨ ਅਤੇ ਮੈਂ ਬ੍ਰੈਂਪਟਨ ਦੇ ਫਾਇਰ ਸਰਵਿਸਿਜ ਵਿੱਚ ਆਪਣਾ ਕੈਰੀਅਰ ਬਣਾਉਣ ਦੇ ਇੱਛੁਕ, ਯੋਗ ਨਿਵਾਸੀਆਂ ਨੂੰ ਸਲਾਹ ਦਿੰਦਾ ਹਾਂ ਕਿ ਉਹ ਇਸ ਮੌਕੇ ਵਾਸਤੇ ਅਪਲਾਈ ਕਰਨ।"

- *ਪੈਟਰਿਕ ਬ੍ਰਾਊਨ* (Patrick Brown), *ਮੇਅਰ, ਸਿਟੀ ਆਫ ਬ੍ਰੈਂਪਟਨ*

"ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ, ਸਾਡੀ ਕਮਿਊਨਿਟੀ ਨੂੰ ਸੁਰੱਖਿਅਤ ਰੱਖਣ ਅਤੇ ਬ੍ਰੈਂਪਟਨ ਨੂੰ ਸਿਹਤਮੰਦ ਅਤੇ ਸੁਰੱਖਿਅਤ ਸ਼ਹਿਰ ਬਣਾਉਣ ਵਿੱਚ ਯੋਗਦਾਨ ਦੇਣ ਲਈ, ਰੋਜ਼ਾਨਾ ਵਾਧੂ ਯਤਨ ਕਰਦਾ ਹੈ। ਉਹ ਅਜਿਹੀ ਟੀਮ ਬਣਾਉਣ ਲਈ ਵੀ ਵਚਨਬੱਧ ਹਨ, ਜੋ ਵੰਨ-ਸੁਵੰਨੀ, ਸ਼ਮੂਲੀਅਤ ਵਾਲੀ ਅਤੇ ਉਸ ਕਮਿਊਨਿਟੀ ਬਾਰੇ ਸੋਚਦੀ ਹੋਵੇ, ਜਿਸਨੂੰ ਉਹ ਸੇਵਾ ਪ੍ਰਦਾਨ ਕਰਦੇ ਹਨ। ਇਸ ਸਾਲ, ਸਾਡੇ ਨਵੇਂ ਸੰਭਾਵੀ ਫਾਇਰਫਾਈਟਰਸ ਨੂੰ ਸੇਵਾ ਦਾ ਮੌਕਾ ਪ੍ਰਦਾਨ ਕਰਨ ਲਈ, ਇਹ ਸਾਲਾਨਾ ਬਰਸਰੀ ਪ੍ਰੋਗਰਾਮ ਦੁਬਾਰਾ ਹੁੰਦੇ ਦੇਖਣਾ ਬਹੁਤ ਹੀ ਸ਼ਾਨਦਾਰ ਹੈ।"

- *ਰੋਵੇਨਾ ਸੈਂਨਟੋਸ* (Rowena Santos), *ਰੀਜਨਲ ਕਾਊਂਸਲਰ, ਵਾਰਡਸ 1 ਅਤੇ 5; ਚੇਅਰ, ਕਮਿਊਨਿਟੀ ਸਰਵਿਸਿਜ, ਸਿਟੀ ਆਫ ਬ੍ਰੈਂਪਟਨ*

"ਡਿਵੀਜਨ ਚੀਫ ਜੋਰਜ ਹਿਚਕੋਕ, ਫਾਇਰ ਸਰਵਿਸਿਜ ਅਤੇ ਕਮਿਊਨਿਟੀ ਦੀ ਸੁਰੱਖਿਆ ਲਈ ਜੋਸ਼ੀਲੇ ਚੈਂਪੀਅਨ ਸਨ। ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ ਟੀਮ ਵਿੱਚ ਉਹਨਾਂ ਦੇ ਯੋਗਦਾਨਾਂ ਅਤੇ ਉੱਭਰਦੇ ਫਾਇਰਫਾਈਟਰ ਦੀ ਹਿਮਾਇਤ ਵਿੱਚ ਮਦਦ ਲਈ ਵਿਰਸੇ ਵਜੋਂ, ਇਹ ਬਰਸਰੀ ਪੇਸ਼ ਕਰਨਾ ਸਨਮਾਨ ਦੀ ਗੱਲ ਹੈ।"

- *ਬਿਲ ਬੋਏਸ* (Bill Boyes), *ਚੀਫ, ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ*

"ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ, ਕਮਿਊਨਿਟੀ ਨੂੰ ਸਿੱਖਿਅਤ ਅਤੇ ਸੁਰੱਖਿਅਤ ਕਰਨ ਲਈ ਬਿਨਾਂ ਥੱਕੇ ਕੰਮ ਕਰਦਾ ਹੈ। ਮੈਂ, ਫਾਇਰ ਸਰਵਿਸਿਜ ਵਿੱਚ ਆਪਣਾ ਕੈਰੀਅਰ ਬਣਾਉਣ ਦੇ ਇੱਛੁਕ ਨਿਵਾਸੀਆਂ ਨੂੰ ਸਲਾਹ ਦਿੰਦਾ ਹਾਂ ਕਿ ਉਹ, ਇੱਕ ਸ਼ਾਨਦਾਰ ਟੀਮ ਦਾ ਹਿੱਸਾ ਬਣਨ ਅਤੇ ਬ੍ਰੈਂਪਟਨ ਦੀ ਕਮਿਊਨਿਟੀ ਦੀ ਸੇਵਾ ਕਰਨ ਲਈ, ਇਸ ਰੋਮਾਂਚਕ ਮੌਕੇ ਵਾਸਤੇ ਅਪਲਾਈ ਕਰਨ।"

- *ਪਾੱਲ ਮੋਰਿਸਨ* (Paul Morrison), *ਇੰਟਰਿਮ ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca